

# The Return to Work Scheme and work injury support ਕੰਮ ਤੇ ਵਾਪਸ ਜਾਣ ਸਬੰਧੀ ਯੋਜਨਾ ਅਤੇ ਕੰਮ ਤੇ ਲੱਗੀ ਸੱਟ ਪਿੱਛੋਂ ਸਹਿਯੋਗ

ReturnToWorkSA ਬੀਮਾ ਪ੍ਰਦਾਨ ਕਰਦਾ ਹੈ ਜੋ ਕਿ ਸਾਊਥ ਔਸਟਰੇਲਿਆ ਦੇ ਵਪਾਰਾਂ ਨੂੰ ਅਤੇ ਓਹਨਾਂ ਵਿਚ ਕੰਮ ਕਰ ਰਹੇ ਕਰਮਚਾਰਿਆਂ ਨੂੰ ਕੰਮ ਕਰਦੇ ਹੋਏ ਸੱਟ ਲੱਗ ਜਾਣ ਦੀ ਸੂਰਤ ਵਿਚ ਸੁਰੱਖਿਆ ਪ੍ਰਦਾਨ ਕਰਦਾ ਹੈ।

ਕੰਮ ਤੇ ਵਾਪਸ ਜਾਣ ਦੀ ਇਹ ਯੋਜਨਾ ਇਸ ਚੀਜ਼ ਨੂੰ ਪਹਿਚਾਣਦੀ ਹੈ ਕਿ ਗੰਭੀਰ ਰੂਪ ਵਿਚ ਜਖਮੀ ਹੋਏ ਲੋਕਾਂ ਦੀਆਂ ਲੋੜਾਂ ਓਹਨਾਂ ਦੀਆਂ ਲੋੜਾਂ ਨਾਲੋਂ ਵੱਖ ਹਨ ਜੋ ਕਿ ਗੰਭੀਰ ਰੂਪ ਵਿਚ ਜਖਮੀ ਨਹੀ ਹੋਏ ਹਨ।

**ਜਖਮੀ ਹੋਏ ਲੋਕਾਂ ਨੂੰ ਮਿਲਣ ਵਾਲੇ ਸਹਿਯੋਗ ਵਿਚ ਹੇਠ ਲਿਖੇ ਸਹਿਯੋਗ ਸ਼ਾਮਲ ਹੋ ਸਕਦੇ ਹਨ:**

- ਤਨਖਾਹ ਦੇ ਬੰਦ ਹੋ ਜਾਣ ਤੇ ਮੁਆਵਜ਼ੇ ਵਜੋਂ ਜ਼ਿਆਦਾ ਤੋਂ ਜ਼ਿਆਦਾ ਦੋ ਸਾਲਾਂ ਤਕ ਆਮਦਨੀ ਵਿਚ ਸਹਿਯੋਗ – ਇਹ ਸਹਿਯੋਗ ਆਮ ਤੌਰ ਤੇ ਸੱਟ ਲੱਗਣ ਦੀ ਤਰੀਕ ਤੋਂ ਸ਼ੁਰੂ ਕੀਤਾ ਜਾਂਦਾ ਹੈ।
- ਸੱਟ ਲੱਗਣ ਦੀ ਤਰੀਕ ਤੋਂ ਤਿੰਨ ਸਾਲਾਂ ਦੇ ਅੰਦਰ ਅੰਦਰ ਵਾਜਬ ਅਤੇ ਜਰੂਰੀ ਡਾਕਟਰੀ ਇਲਾਜ ਅਤੇ ਸੰਭਾਲ।
- ਕੰਮ ਤੇ ਵਾਪਸ ਜਾਣ ਸਬੰਧੀ ਸੇਵਾਵਾਂ ਜਿਵੇਂ ਕਿ ਮੁੜ ਨੌਕਰੀ ਤੇ ਲਗਵਾਉਣਾ ਅਤੇ ਸੱਟ ਲਗੱਣ ਦੀ ਤਰੀਖ ਤੋਂ ਲੈ ਕੇ ਤਿੰਨ ਸਾਲਾਂ ਦੇ ਅੰਦਰ ਅੰਦਰ ਮੁੜ ਕੰਮ ਸਿਖਾਉਣਾ।

**ਗੰਭੀਰ ਰੂਪ ਵਿਚ ਜਖਮੀ ਹੋਏ ਲੋਕਾਂ ਨੂੰ ਮਿਲਣ ਵਾਲੇ ਸਹਿਯੋਗ ਵਿਚ ਹੇਠ ਲਿਖੇ ਸਹਿਯੋਗ ਸ਼ਾਮਲ ਹੋ ਸਕਦੇ ਹਨ:**

- ਰਿਟਾਯਰ ਹੋ ਜਾਣ ਤਕ ਦੀ ਉਮਰ ਤਕ ਆਮਦਨੀ ਸਹਿਯੋਗ।
- ਉਮਰ ਰਹਿੰਦੇ ਤਕ ਵਾਜਬ ਅਤੇ ਜਰੂਰੀ ਡਾਕਟਰੀ ਇਲਾਜ ਅਤੇ ਸੰਭਾਲ।
- ਮੰਗੇ ਜਾਣ ਤੇ ਕੰਮ ਤੇ ਮੁੜ ਵਾਪਸ ਜਾਣ ਸਬੰਧੀ ਸੇਵਾਵਾਂ।

ਕੰਮ ਦੌਰਾਨ ਸੱਟ ਲਗ ਜਾਣ ਦੀ ਸੂਰਤ ਵਿਚ ਜਿੱਥੇ ਕਿ ਤੁਹਾਡੀ ਕੰਮ ਤੇ ਨਾ ਰਹਿ ਪਾਉਣ ਦੀ ਸੰਭਾਵਨਾ ਦੋ ਹਫਤਿਆਂ ਤੋਂ ਵੱਧ ਹੋਵੇ, ਤਾਂ ਤੁਹਾਡਾ ਕਲੇਮ ਏਜੰਟ ਇਹ ਕੋਸ਼ਿਸ਼ ਕਰੇਗਾ ਕਿ ਕਿਸੇ ਕੇਸ ਅਫਸਰ ਨੂੰ, ਜਿੱਥੇ ਤੁਸੀ ਕੰਮ ਕਰਦੇ ਹੋ, ਉੱਥੇ ਭੇਜਿਆ ਜਾਵੇ ਜੋ ਕਿ ਉੱਥੇ ਤੁਹਾਨੂੰ ਅਤੇ ਤੁਹਾਡੇ ਨਿਯੁਕਤੀ ਅਧਿਕਾਰੀ (employer) ਨੂੰ ਮਿਲੇ ਅਤੇ ਲੋੜ ਅਨੁਸਾਰ ਤੁਹਾਨੂੰ ਇਲਾਜ, ਸੰਭਾਲ ਅਤੇ ਸਹਿਯੋਗ ਸੇਵਾਵਾਂ ਨਾਲ ਜੋੜੇ ਜੋ ਕਿ ਠੀਕ ਹੋਣ ਵਿਚ ਅਤੇ ਜਲਦ ਤੋਂ ਜਲਦ ਤੁਹਾਨੂੰ ਕਮ ਤੇ ਵਾਪਸ ਲਿਯਾਉਣ ਵਿਚ ਤੁਹਾਡੀ ਮਦਦ ਕਰੇ। ਤੁਹਾਡੀ ਨੌਕਰੀ ਦੀ ਥਾਂ ਤੇ ਆਮ੍ਹਣੇ ਸਾਮ੍ਹਣੇ ਹੋਣ ਵਾਲੇ ਇਹ ਦੌਰੇ ਸੱਟ ਲਗ ਜਾਣ ਦੀ ਸੂਚਨਾ ਮਿਲਣ ਤੋਂ ਬਾਅਦ ਛੇਤੀ ਤੋਂ ਛੇਤੀ ਕੀਤੇ ਜਾਣਗੇ।

# What to do if you are injured
# ਸ਼ੱਟ ਲਗ ਜਾਓਣ ਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ

ਜੇਕਰ ਤੁਹਾਨੂੰ ਕੰਮ ਤੇ ਸੱਟ ਲੱਗੀ ਹੈ ਤਾਂ ਐਸੇ ਕਈ ਜਰੂਰੀ ਕਦਮ ਹਨ ਜੋ ਤੁਹਾਨੂੰ ਚੁੱਕਣੇ ਚਾਹੀਦੇ ਹਨ

## ਕਦਮ 1: ਉਚਿਤ ਡਾਕਟਰੀ ਇਲਾਜ ਮੰਗੋ

## ਕਦਮ 2: ਤੁਹਾਡੇ ਨਿਯੁਕਤੀ ਅਧਿਕਾਰੀ ਨੂੰ ਸੂਚਿਤ ਕਰੋ

ਸੱਟ ਲਗ ਜਾਣ ਤੇ ਲਿਖਤੀ ਰੂਪ ਵਿਚ, ਜਾਂ ਜ਼ੁਬਾਨੀ ਤੌਰ ਤੇ, ਜੇ ਹੋ ਸਕੇ ਤਾਂ ਸੱਟ ਲੱਗਣ ਦੇ 24 ਘੰਟੇਆਂ ਦੇ ਅੰਦਰ ਅੰਦਰ ਨਿਯੁਕਤੀ ਅਧਿਕਾਰੀ ਨੂੰ ਸੂਚਿਤ ਕਰਨਾ ਹੁੰਦਾ ਹੈ। ਜੇ ਇਹ ਸੂਚਨਾ ਦੇਣ ਵਿਚ ਤੁਸੀ ਅਸਮਰਥ ਹੋ ਤਾਂ ਤੁਹਾਡਾ ਕੋਈ ਨੁਮਾਇੰਦਾ ਜਿਵੇਂ ਕਿ ਪਰਿਵਾਰ ਦਾ ਜੀ ਜਾਂ ਕੋਈ ਮਿੱਤਰ ਵੀ ਤੁਹਾਡੇ ਨਿਯੁਕਤੀ ਅਧਿਕਾਰੀ ਨੂੰ ਸੂਚਿਤ ਕਰ ਸਕਦਾ ਹੈ।

## ਕਦਮ 3: ਡਾਕਟਰ ਨੂੰ ਮਿਲੋ

ਡਾਕਟਰ ਤੁਹਾਡੀ ਸੱਟ ਦਾ ਜਾਇਜ਼ਾ ਲਏਗਾ ਇਹ ਫੈਸਲਾ ਲੈਣ ਲਈ ਕਿ ਤੁਹਾਨੁ ਕੀ ਸੱਟ ਲਗੀ ਹੈ, ਤੁਹਾਨੂੰ ਕਿਸ ਤਰ੍ਹਾਂ ਦੇ ਇਲਾਜ ਦੀ ਲੋੜ ਹੈ, ਜਿਸ ਵਿਚ ਇਹ ਵੀ ਸ਼ਾਮਲ ਹੈ ਕਿ ਇਲਾਜ ਵਿਚ ਕਿੰਨਾ ਸਮਾਂ ਲੱਗੇਗਾ ਅਤੇ ਕਿੰਨੀ ਕਿੰਨੀ ਦੇਰ ਬਾਅਦ ਇਲਾਜ ਦੀ ਲੋੜ ਹੋਵੇਗੀ। ਜੇ ਤੁਹਾਨੂੰ ਕੰਮ ਤੋਂ ਛੁੱਟੀ ਦੀ ਲੋੜ ਹੋਵੇ ਅਤੇ ਜੇਕਰ ਤੁਸੀ ਦਾਅਵਾ (claim) ਪਾਉਣ ਦਾ ਫੈਸਲਾ ਲੈਂਦੇ ਹੋ ਤਾਂ ਓਹ ਤੁਹਾਨੂੰ ਕੰਮ ਦੀ ਸਮਰੱਥਾ ਦਾ ਪਰਮਾਣ ਪਤਰ ਦੇਣਗੇ ਜੋ ਕਿ ਤੁਹਾਨੂੰ ਆਪਣੇ ਨਿਯੁਕਤੀ ਅਧਿਕਾਰੀ ਦੇ ਕਲੇਮ ਏਜੰਟ ਨੂੰ ਦਾਅਵੇ ਦੀ ਅਰਜ਼ੀ ਦੇ ਨਾਲ ਦੇਣਾ ਹੋਵੇਗਾ।

## ਕਦਮ 4: ਦਾਅਵੇ ਦੀ ਅਰਜੀ ਪਾਓ

ਜੇ ਤੁਹਾਡੀ ਸੱਟ ਦੇ ਨਤੀਜੇ ਕਾਰਣ ਤੁਹਾਨੂੰ ਕੰਮ ਤੋਂ ਛੁੱਟੀ ਲੈਣੀ ਪੈਂਦੀ ਹੈ ਜਾਂ ਇਲਾਜ ਜਾਂ ਹੋਰ ਖਰਚੇ ਹੁੰਦੇ ਹਨ ਅਤੇ ਤੁਸੀ ਮੁਆਵਜ਼ੇ ਦਾ ਦਾਅਵਾ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਦਾਅਵੇ ਦਾ ਫਾਰਮ ਭਰਨਾ ਚਾਹੀਦਾ ਹੈ।

ਜਿੱਥੋਂ ਤਕ ਹੋ ਸਕੇ, ਤੁਹਾਨੂੰ ਦਾਅਵੇ ਦਾ ਫਾਰਮ ਤੁਹਾਡੇ ਨਿਯੁਕਤੀ ਅਧਿਕਾਰੀ ਦੇ ਨਾਲ ਮਿਲ ਕੇ ਭਰਨਾ ਚਾਹੀਦਾ ਹੈ। ਇਸ ਨਾਲ ਤੁਹਾਨੂੰ ਇਸ ਚੀਜ਼ ਦਾ ਮੌਕਾ ਮਿਲਦਾ ਹੈ ਕਿ ਤੁਸੀ ਕਿਸੇ ਵੀ ਐਸੇ ਸਹਿਯੋਗ ਬਾਰੇ ਚਰਚਾ ਕਰ ਸਕੋ ਜੋ ਤੁਹਾਡਾ ਨਿਯੁਕਤੀ ਅਧਿਕਾਰੀ ਤੁਹਾਨੂੰ ਪ੍ਰਦਾਨ ਕਰਾ ਸਕਦਾ ਹੋਵੇ ਜਿਸ ਨਾਲ ਤੁਸੀ ਕੰਮ ਤੇ ਰਹਿ ਸਕੋ ਜਾਂ, ਜੇਕਰ ਤੁਹਾਡੀ ਸੱਟ ਮੁਤਾਬਿਕ ਮੁਮਕਿਨ ਹੋਵੇ, ਛੇਤੀ ਤੋਂ ਛੇਤੀ ਵਾਪਸ ਆ ਸਕੋ। ਇਸ ਨਾਲ ਇਹ ਵੀ ਮੁਮਕਿਨ ਹੋ ਪਾਂਦਾ ਹੈ ਕਿ ਇਕਦਮ ਸਹੀ ਅਤੇ ਪੂਰੀ ਜਾਣਕਾਰੀ ਦਿੱਤੀ ਜਾ ਸਕੇ, ਜਿਸ ਨਾਲ ਤੁਹਾਡੇ ਦਾਅਵੇ ਦੀ ਅਰਜ਼ੀ ਦਾ ਫੈਸਲਾ ਲੈਣ ਦੇ ਵਿਚ ਮਦਦ ਮਿਲ ਸਕੇ।ਜੇਕਰ ਨਿਯੁਕਤੀ ਅਧਿਕਾਰੀ ਅਤੇ ਕਰਮਚਾਰੀ ਮਿਲ ਜੁਲ ਕੇ ਫਾਰਮ ਨਾ ਭਰ ਸਕਣ, ਫਾਰਮ ਨੂੰ ਵੱਖਰੇ ਵੱਖਰੇ ਵੀ ਭਰਿਆ ਜਾ ਸਕਦਾ ਹੈ।

ਦਾਅਵੇ ਦਾ ਫਾਰਮ ਤੁਹਾਨੂੰ ਇਹ ਦਰਸ਼ਾਓਣ ਦੇ ਵਿਚ ਮਦਦ ਕਰਦਾ ਹੈ ਕਿ ਤੁਹਾਡਾ ਦਾਅਵਾ ਡਾਕਟਰੀ ਖਰਚਿਆਂ ਦਾ ਹੈ, ਆਮਦਨੀ ਬੰਦ ਹੋ ਜਾਣ ਦਾ ਹੈ, ਜਾਂ ਦੋਹਾਂ ਦਾ।

ਤੁਹਾਡੇ ਨਿਯੁਕਤੀ ਅਫਸਰ ਨੂੰ ਚਾਹੀਦਾ ਹੈ ਕਿ ਤੁਹਾਡੇ ਵੱਲੋਂ ਦਿੱਤੇ ਗਏ ਕੰਮ ਦੀ ਸਮਰੱਥਾ ਦੇ ਪਰਮਾਣ ਪੱਤਰ ਦੀ ਕਾਪੀ ਜੋ ਕਿ ਤੁਹਾਨੂੰ ਤੁਹਾਡੇ ਇਲਾਜ ਕਰ ਰਹੇ ਡਾਕਟਰ ਵੱਲੋਂ ਮਿਲਦੀ ਹੈ, ਅਤੇ ਦਾਅਵੇ ਦੇ ਫਾਰਮ ਦੀ ਕਾਪੀ ਪੰਜ ਕੰਮ-ਕਾਜੀ ਦਿਨਾਂ ਦੇ ਅੰਦਰ ਅੰਦਰ ਓਹਨਾਂ ਦੇ ਕਲੇਮ ਏਜੰਟ ਨੂੰ ਅੱਗੇ ਭੇਜ ਦੇਣ।

**Gallagher Bassett Services Pty Ltd**
**GPO Box 1772, Adelaide SA 5001**
**newclaims@gb.rtwsa.com**
**Fax (08) 8177 8451**
**www.gallagherbassett.com.au**
**Phone (08) 8177 8450 or free call 1800 664 079**

**Employers Mutual SA**
**GPO Box 2575, Adelaide SA 5001**
**newclaims@employersmutualsa.com.au**
**Fax (08) 8127 1200**
**www.employersmutual.com.au**
**Phone (08) 8127 1100 or 1300 365 105**

ਸਾਊਥ ਔਸਟਰੇਲਿਆ ਦੀਆਂ ਜ਼ਿਆਦਾਤਰ ਸਭ ਤੋਂ ਵੱਡਿਆਂ ਪ੍ਰਾਇਵੇਟ ਅਤੇ ਪਬਲਿਕ ਸੰਸਥਾਵਾਂ ਆਪਣਾ ਬੀਮਾ ਆਪ ਕਰਦੇ ਹੋਏ, ਆਪਣੇ ਕਰਮਚਾਰੀ ਮੁਆਵਜ਼ਿਆਂ ਦੇ ਦਾਅਵੇਆਂ ਦਾ ਪ੍ਰਬੰਧ ਆਪ ਕਰਦੀਆਂ ਹਨ। ਜੇ ਤੁਸੀ ਕਿਸੇ ਆਪਣੇ ਆਪ ਦੀ ਬੀਮਾ ਆਪ ਕਰਾਉਣ ਵਾਲੀ ਕਾਰੋਬਾਰੀ ਸੰਸਥਾ ਦੇ ਨਾਲ ਕੰਮ ਕਰਦੇ ਹੋ ਅਤੇ ਤੁਹਾਨੂੰ ਕੰਮ ਤੇ ਸੱਟ ਲੱਗ ਜਾਂਦੀ ਹੈ, ਤਾਂ ਤੁਹਾਨੂੰ ਤੁਹਾਡੇ ਨਿਯੁਕਤੀ ਅਧਿਕਾਰੀ ਨਾਲ ਮੁਆਵਜ਼ੇ ਦਾ ਦਾਅਵਾ ਕਰਣ ਬਾਰੇ ਗਲ ਕਰਨੀ ਚਾਹੀਦੀ ਹੈ।

## Your obligations ਤੁਹਾਡੀਆਂ ਜ਼ਿੰਮੇਵਾਰੀਆਂ

ਮੁੜ ਸਿਹਤਮੰਦ ਹੋਣ ਅਤੇ ਕੰਮ ਤੇ ਵਾਪਸ ਜਾਣ ਦਾ ਨਤੀਜਾ ਪ੍ਰਾਪਤ ਕਰਣ ਲਈ, ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ:

- ਆਪਣੇ ਨਿਯੁਕਤੀ ਅਧਿਕਾਰੀ ਨੂੰ ਛੇਤੀ ਤੋਂ ਛੇਤੀ ਆਪਣੀ ਕੰਮ ਤੇ ਲੱਗੀ ਸੱਟ ਬਾਰੇ ਸੂਚਿਤ ਕਰੋ (ਜੇ ਹੋ ਸਕੇ ਤਾਂ ੨੪ ਘੰਟਿਆਂ ਦੇ ਅੰਦਰ ਅੰਦਰ)
- ਛੇਤੀ ਤੋਂ ਛੇਤੀ ਦਾਅਵੇ ਦੀ ਅਰਜ਼ੀ ਪਾਓ
- ਤੋਹਾਡੇ ਮੁੜ ਸਿਹਤਮੰਦ ਹੋਣ ਲਈ ਅਤੇ ਕੰਮਤੇ ਵਾਪਿਸ ਆਉਣ ਵਿਚ ਸਹਿਯੋਗ ਦੇਣ ਲਈ ਤਿਆਰ ਕੀਤੀਆਂ ਗਈਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਹਿੱਸਾ ਲਓ
- ਤੁਹਾਨੂੰ ਕੰਮ ਤੇ ਵਾਪਿਸ ਲੈ ਜਾਣ ਦੀ ਯੋਜਨਾ ਨੂੰ ਬਨਾਉਣ ਵਿਚ ਸਹਿਯੋਗ ਕਰੋ ਅਤੇ ਹਿੱਸਾ ਲਓ
- ਤੁਹਾਡੇ ਕੰਮ ਤੇ ਵਾਪਿਸ ਲਿਆਉਣ ਦੀ ਯੋਜਨਾ ਵਿਚ ਕਿਸੇ ਵੀ ਦੱਸੀਆਂ ਗਈਆਂ ਜ਼ਿੱਮੇਵਾਰੀਆਂ ਦੀ ਪਾਲਣਾ ਕਰੋ
- ਮੌਜੂਦਾ ਸਿਹਤ ਪਰਮਾਣ ਪੱਤਰ ਮੁਹਈਆ ਕਰਾਉ ਜੋ ਤੁਹਾਡੇ ਕੰਮ ਤੇ ਵਾਪਿਸ ਜਾਣ ਦੀ ਸਮਰੱਥਾ ਅਤੇ ਹੋਰ ਸੰਬੰਧਤ ਜਾਣਕਾਰੀ ਦੇਵੇ
- ਉਚਿਤ ਕੰਮ ਤੇ ਵਾਪਿਸ ਜਾਓ ਜਦ ਤੁਸੀ ਇਸ ਦੇ ਯੋਗ ਹੋ ਜਾਓ

## Your employer’s obligations ਤੁਹਾਡੇ ਨਿਯੁਕਤੀ ਅਧਿਕਾਰੀ ਦੀਆਂ ਜ਼ਿੰਮੇਵਾਰਿਆਂ

ਤੁਹਾਡੇ ਮੁੜ ਠੀਕ ਹੋਣ ਅਤੇ ਕੰਮ ਤੇ ਵਾਪਿਸ ਜਾਣ ਵਿਚ ਸਹਿਯੋਗ ਦੇ ਤੌਰ ਤੇ ਅਸੀ ਤੁਹਾਡੇ ਨਿਯੁਕਤੀ ਅਧਿਕਾਰੀ ਕੋਲੋਂ ਆਸ਼ਾ ਕਰਦੇ ਹਾਂ ਕਿ:

- ਤੁਹਾਡੀ ਸੱਟ ਬਾਰੇ ਸੂਚਨਾ ਜਾਂ ਕੰਮ ਤੇ ਲੱਗੀ ਸੱਟ ਦੇ ਦਾਅਵੇ ਦੀ ਅਰਜ਼ੀ ਮਿਲਣ ਦੇ ੫ ਕੰਮ ਕਾਜੀ ਦਿਨਾਂ ਦੇ ਅੰਦਰ ਅੰਦਰ ਓਹਨਾਂ ਦੇ ਕਲੇਮ ਏਜੰਟ ਨੂੰ ਤੁਹਾਡੀ ਕੰਮ ਤੇ ਲੱਗੀ ਸੱਟ ਜਾਂ ਦਾਅਵੇ ਦੀ ਅਰਜੀ ਬਾਰੇ ਸੂਚਿਤ ਕਰਨਾ
- ਮੁੜ ਠੀਕ ਹੋਣ ਅਤੇ ਕੰਮ ਤੇ ਵਾਪਿਸ ਜਾਣ ਸਬੰਧੀ ਗਤੀਵਿਧੀਆਂ ਵਿਚ ਤੁਹਾਡੇ ਹਿੱਸਾ ਲੈਣ ਦਾ ਸਹਿਯੋਗ ਕਰਨਾ
- ਤੁਹਾਨੂੰ ਕੰਮ ਤੇ ਵਾਪਿਸ ਲਿਆਉਣ ਲਈ ਯੋਜਨਾ ਨੂੰ ਬਨਾਉਣ ਵਿਚ ਤੁਹਾਡਾ ਸਹਿਯੋਗ ਅਤੇ ਹਿੱਸਾ ਲੈਣਾ
- ਤੁਹਾਡੇ ਕੰਮ ਤੇ ਵਾਪਿਸ ਲਿਆਉਣ ਦੀ ਯੋਜਨਾ ਵਿਚ ਕਿਸੇ ਵੀ ਦੱਸੀਆਂ ਗਈਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨਾ
- ਤੁਹਾਡੀ ਸੱਟ ਤੋਂ ਮੁੜ ਠੀਕ ਹੁੰਦੇ ਹੋਏ ਤੁਹਾਨੂੰ ਕੰਮ ਦੀ ਓਹ ਜ਼ਿੰਮੇਵਾਰੀਆਂ ਮੁਹਈਆ ਕਰਾਉਣਾ ਜੋ ਤੁਹਾਡੇ ਲਈ ਉਚਿਤ ਹਨ ਅਤੇ ਜੋ ਤੁਸੀ ਸੁਰੱਖਿਅਤ ਰਹਿੰਦੇ ਹੋਏ ਨਿਭਾ ਸਕਦੇ ਹੋ
- ਜੇਕਰ ਤੁਸੀ ਸੱਟ ਲੱਗਣ ਤੋਂ ਪਹਿਲਾਂ ਦੀਆਂ ਜ਼ਿੰਮੇਵਾਰੀਆਂ ਤੇ ਮੁੜ ਵਾਪਿਸ ਨਹੀ ਆ ਸਕੋ ਤਾਂ ਕੰਮ ਤੇ ਵਾਪਿਸ ਆਉਣ ਦੇ ਲਈ ਯੋਗ ਬਣ ਜਾਣ ਤੇ ਤੁਹਾਨੂੰ ਉਚਿਤ ਰੋਜ਼ਗਾਰ ਮੁਹਈਆ ਕਰਾਉਣਾ

## Your support team ਤੁਹਾਡੀ ਸਹਿਯੋਗ ਟੀਮ

ਹੇਠ ਲਿਖੇ ਲੋਕ ਤੁਹਾਡੇ ਮੁੜ ਠੀਕ ਹੋਣ ਵਿਚ, ਸੱਟ ਤੋਂ ਉਭਰਨ ਵਿਚ, ਤੇ ਕੰਮ ਅਤੇ ਸਮਾਜ ਵਿਚ ਮੁੜ ਵਾਪਿਸ ਜਾਣ ਵਿਚ ਤੁਹਾਨੂੰ ਸਹਾਇਤਾ ਦੇਣ ਵਿਚ ਸ਼ਾਮਿਲ ਹੋ ਸਕਦੇ ਹਨ:

### ਕੇਸ ਅਫਸਰ

ਤੁਹਾਡਾ ਕੇਸ ਅਫਸਰ ਤੁਹਾਡਾ ਪ੍ਰਮੁੱਖ ਸੰਪਰਕ ਹੋਵੇਗਾ ਅਤੇ ਤੁਹਾਡੀ ਸੱਟ ਤੋਂ ਮੁੜ ਠੀਕ ਹੋਣ ਦੇ ਲਈ ਅਤੇ ਸੁਰੱਖਿਅਤ ਢੰਗ ਨਾਲ ਅਤੇ ਛੇਤੀ ਤੋਂ ਛੇਤੀ ਕੰਮ ਤੇ ਵਾਪਿਸ ਜਾਣ ਦੇ ਲਈ ਤੁਹਾਨੂੰ ਜੋ ਸਹਿਯੋਗ ਅਤੇ ਸੇਵਾਵਾਂ ਦੀ ਲੋੜ ਹੋਵੇਗੀ ਓਹ ਓਹਨਾਂ ਵਿਚ ਤਾਲਮੇਲ ਬਣਾ ਕੇ ਰਖੇਗਾ। ਓਹ ਤੁਹਾਨੂੰ ਅਤੇ ਤੁਹਾਡੇ ਨਿਯੁਕਤੀ ਅਧਿਕਾਰੀ ਨੂੰ ਤੇਜ਼, ਵਿਅਕਤੀਗਤ ਸਹਿਯੋਗ ਪ੍ਰਦਾਨ ਕਰੇਗਾ ਜੋ ਤੁਹਾਡੀ ਸੱਟ ਤੋਂ ਮੁੜ ਠੀਕ ਹੋਣ ਦੇ ਲਈ ਅਤੇ ਛੇਤੀ ਤੋਂ ਛੇਤੀ ਕੰਮ ਤੇ ਵਾਪਿਸ ਜਾਣ ਦੇ ਲਈ ਤੁਹਾਨੂੰ ਜੋ ਸਹਿਯੋਗ ਅਤੇ ਸੇਵਾਵਾਂ ਦੀ ਲੋੜ ਹੋਵੇਗੀ ਓਹਨਾਂ ਵਿਚ ਤਾਲਮੇਲ ਬਣਾ ਕੇ ਰਖੇਗਾ।

## ਡਾਕਟਰ

ਤੁਹਾਡਾ ਡਾਕਟਰ ਤੁਹਾਡੀ ਸੱਟ ਦਾ ਜਾਇਜ਼ਾ ਲੈਂਦਾ ਹੈ ਅਤੇ ਤੁਹਾਡੇ ਨਾਲ ਮਿਲ ਕੇ ਇਹ ਫੈਸਲਾ ਕਰਦਾ ਹੈ ਕਿ ਤੁਹਾਨੂੰ ਕਿਸ ਤਰੀਕੇ ਦੇ ਇਲਾਜ ਦੀ ਲੋੜ ਹੈ। ਉਹ ਇਲਾਜ ਦੇ ਟੀਚੇ ਨਿਰਧਾਰਿਤ ਕਰਨ ਦੇ ਵਿਚ ਤੁਹਾਡੀ ਮਦਦ ਕਰਣਗੇ ਅਤੇ ਤੁਹਾਡੇ ਮੁੜ ਠੀਕ ਹੋਣ ਅਤੇ ਕੰਮ ਤੇ ਵਾਪਿਸ ਜਾਣ ਦੀ ਯੋਜਨਾ ਨੂੰ ਬਨਾਉਣ ਦੇ ਵਿਚ ਆਪਣਾ ਸਹਿਯੋਗ ਦੇਣਗੇ।

ਇਹ ਜ਼ਰੂਰੀ ਹੈ ਕਿ ਤੁਹਾਡੀ ਡਾਕਟਰੀ ਇਲਾਜ ਦੀ ਯੋਜਨਾ ਬਨਾਉਣ ਦੇ ਵਿਚ ਤੁਸੀ ਸਰਗਰਮੀ ਨਾਲ ਹਿੱਸਾ ਲਓ, ਇਹ ਯਕੀਨੀ ਕਰ ਲੈਣ ਲਈ ਕਿ ਤੁਹਾਨੂੰ ਵਧੀਆ ਤੋਂ ਵਧੀਆ ਨਤੀਜੇ ਮਿਲਣ। ਤੁਹਾਡਾ ਇਲਾਜ ਕਿਵੇਂ ਚਲ ਰਿਹਾ ਹੈ ਇਸ ਬਾਰੇ ਸੁਝਾਓ ਦੇਣ ਦੇ ਨਾਲ ਤੁਸੀ ਵੀ ਆਪਣੇ ਡਾਕਟਰ ਦੀ, ਤੁਹਾਡੇ ਖਾਸ ਹਲਾਤਾਂ ਅਨੁਸਾਰ, ਤੁਹਾਡੇ ਲਈ ਸਭ ਤੋਂ ਉਚਿਤ ਇਲਾਜ ਦੀ ਯੋਜਨਾ ਬਨਾਉਣ ਦੇ ਵਿਚ ਮਦਦ ਕਰ ਸਕਦੇ ਹੋ।

## ਸੇਹਤ ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰਾਉਣ ਵਾਲੇ

ਹੋ ਸਕਦਾ ਹੈ ਤੁਹਾਡਾ ਡਾਕਟਰ ਤੁਹਾਨੂੰ ਕਿਸੇ ਸਿਹਤ ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰਾਉਣ ਵਾਲੇ ਪੇਸ਼ੇਵਰ ਕੋਲ ਜਾਣ ਨੂੰ ਕਹੇ ਜੋ ਕਿ ਤੁਹਾਡੀ ਸੱਟ ਦੀ ਸੁਤੰਤਰ ਵਿਵਸਥਾ ਕਰਨ ਦੇ ਲਈ ਚਿਕਿਤਸਾ, ਸਲਾਹ ਅਤੇ ਸਹਿਯੋਗ ਪ੍ਰਦਾਨ ਕਰੇਗਾ ਅਤੇ ਕੰਮ ਅਤੇ ਜੀਵਨੀ ਵਿਚ ਵਾਪਿਸ ਜਾਣ ਵਿਚ ਤੁਹਾਡੀ ਮਦਦ ਕਰੇਗਾ।

## ਕੰਮ ਤੇ ਵਾਪਿਸ ਜਾਣ ਸਬੰਧੀ ਸੇਵਾ ਮੁਹਈਆ ਕਰਾਉਣ ਵਾਲੇ

ਤੁਹਾਡਾ ਕੇਸ ਅਫਸਰ ਤੁਹਾਨੂੰ ਮਦਦ ਕਰਣ ਦੇ ਲਈ ਨੌਕਰੀ ਦਿਲਾਉਣ ਵਿਚ, ਕੰਮ ਸਿਖਾਉਣ ਵਿਚ ਕਿਸੇ ਐਸੀ ਇਕ ਸੰਸਥਾ ਦੀਆਂ ਸੇਵਾਵਾਂ ਨੂੰ ਵਰਤੋਂ ਵਿਚ ਲਿਆ ਸਕਦਾ ਹੈ ਜੋ ਕੰਮ ਤੇ ਵਾਪਿਸ ਜਾਣ ਸਬੰਧੀ ਸੇਵਾਵਾਂ ਪ੍ਰਦਾਨ ਕਰਾਉਂਦੀਆਂ ਹਨ ਜਾਂ ਤੁਹਾਨੂੰ ਕੰਮ ਤੇ ਮੁੜ ਵਾਪਿਸ ਲੈ ਜਾਣ ਲਈ ਤਿਆਰ ਕਰਨ ਦੇ ਲਈ ਹੋਰ ਕਿਸੇ ਮਾਹਰ ਜਿਵੇਂ ਕਿ ਆਕੁਪੇਸ਼ਨਲ ਥੇਰਾਪਿਸਟ ਜਾਂ ਫਿਜ਼ਿਓਥੈਰਾਪਿਸਟ ਦੀਆਂ ਸੇਵਾਵਾਂ ਨੂੰ ਵੀ ਸ਼ਾਮਲ ਕਰ ਸਕਦਾ ਹੈ।

## ਕੰਮ ਤੇ ਵਾਪਿਸ ਲੈ ਜਾਣ ਦਾ ਤਾਲਮੇਲਕਰਤਾ

ਜੇ ਤੁਹਾਡੇ ਕੰਮ ਤੇ ੩੦ ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ, ਤਾਂ ਇਹ ਜਰੂਰੀ ਹੈ ਕਿ ਤੁਹਾਡਾ ਨਿਯੁਕਤੀ ਅਧਿਕਾਰੀ ਇਕ ਕੁਸ਼ਲ ਕੰਮ ਤੇ ਵਾਪਿਸ ਲੈ ਜਾਣ ਦਾ ਤਾਲਮੇਲਕਰਤਾ ਉਪਲਬਧ ਕਰਾਵੇ। ਤੁਹਾਡਾ ਤਾਲਮੇਲਕਰਤਾ ਹੇਠ ਲਿਖੇ ਕੰਮ ਕਰ ਸਕਦਾ ਹੈ:

- ਦਾਅਵੇ ਦੇ ਫਾਰਮ ਭਰਨ ਵਿਚ ਜਾਂ ਕਿਸੇ ਵੀ ਹੋਰ ਕਾਗਜ਼ੀ ਕੰਮਾਂ ਵਿਚ ਤੁਹਾਡੀ ਮਦਦ
- ਤੁਹਾਨੂੰ ਅਤੇ ਤੁਹਾਡੇ ਕੇਸ ਅਫਸਰ ਨੂੰ ਮਿਲਨਾ
- ਕੰਮ ਤੇ ਬਣੇ ਰਹਿਣ ਵਿਚ ਜਾਂ ਵਾਪਿਸ ਜਾਣ ਵਿਚ ਤੁਹਾਡੀ ਮਦਦ ਕਰਨਾ
- ਤੁਹਾਡੇ, ਕਲੇਮ ਏਜੰਟ ਦੇ, ਅਤੇ ਚਿਕਿਤਸਾ ਸੇਵਾਵਾਂ ਪ੍ਰਦਾਨ ਕਰਾਉਣ ਵਾਲਿਆਂ ਦੇ ਸੰਪਰਕ ਚ ਬਨੇ ਰਹਿਣਾ
- ਤੁਹਾਨੂੰ ਮੁੜ ਸੱਟ ਲੱਗਣ ਦੀ ਜਾਂ ਅੱਗੇ ਹੋਰ ਸੱਟ ਲੱਗਣ ਦੀ ਰੋਕਥਾਮ ਦੇ ਕਦਮ ਚੁੱਕਣਾ
- ਕੰਮ ਤੇ ਵਾਪਿਸ ਲੈ ਜਾਣ ਦੀ ਯੋਜਨਾ ਨੂੰ ਬਨਾਉਣ ਵਿਚ ਤੁਹਾਡੀ ਸਹਾਇਤਾ ਕਰਨਾ
- ਤੁਹਾਡੀ ਅਤੇ ਤੁਹਾਡੇ ਕੰਮ ਤੇ ਜਾਣ ਦੀ ਸਮਰੱਥਾ ਦੀ ਤਰੱਕੀ ਤੇ ਨਜ਼ਰ ਰਖਣਾ

ਜੇ ਤੁਹਾਡੇ ਕੰਮ ਤੇ ਤਾਲਮੇਲਕਰਤਾ ਨਹੀ ਹੈ, ਤਾਂ ਆਪਣੇ ਕੇਸ ਅਫਸਰ ਨਾਲ ਗਲ ਕਰੋ ਅਤੇ ਵੇਖੋ ਕਿ ਉਹ ਤੁਹਾਡੀ ਮਦਦ ਲਈ ਕੀ ਕਰ ਸਕਦੇ ਹਨ।

## ਵਧੇਰੀ ਜਾਣਕਾਰੀ

ReturnToWorkSA ਨੂੰ ਅੰਗ੍ਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿਚ ਸੰਪਰਕ ਕਰਨ ਦੇ ਲਈ, ਅਨੁਵਾਦ ਅਤੇ ਦੁਭਾਸ਼ਿਆ ਕੇਂਦਰ (ITC) ਨੂੰ 1800 280 203 ਤੇ ਸੰਪਰਕ ਕਰੋ ਅਤੇ ਉਹਨਾਂ ਨੂੰ ਆਖੋ ਕਿ ਸਾਨੂੰ 13 18 55 ਤੇ ਸੰਪਰਕ ਕਰਨ। ਇਹ ਦੁਭਾਸ਼ਿਆ ਸੇਵਾ ਤੁਹਾਡੇ ਲਈ ਮੁਫਤ ਵਿਚ ਉਪਲਬਧ ਹੈ।